# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,**

**ਫੇਜ਼-8, ਐੱਸ.ਏ.ਐੱਸ.ਨਗਰ ਫੋਨ ਨੰ: 0172-2212221**


**ਵੱਲ**

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ),
ਗੁਰਦਾਸਪੁਰ।

**ਮੀਮੋ ਨੰਬਰ:** SCERT/YNV/924652/310 **ਮਿਤੀ:** 26 ਅਗਸਤ, 2026

**ਵਿਸ਼ਾ: 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਲਈ "ਅਧਿਆਪਕ ਜਾਗਰੂਕਤਾ ਟ੍ਰੇਨਿੰਗ ਪ੍ਰੋਗਰਾਮ" ਉਲੀਕਣ ਸਬੰਧੀ।**

ਹਵਾਲਾ: **ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਮੋਹਾਲੀ ਦੇ ਪੱਤਰ ਨੰਬਰ DITSU/2026/452 ਮਿਤੀ 10 ਅਗਸਤ, 2026 ਦੇ ਸਬੰਧ ਵਿੱਚ।**

1. ਉਪਰੋਕਤ ਵਿਸ਼ੇ ਵੱਲ ਆਪ ਦਾ ਧਿਆਨ ਦਿਵਾਇਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਦੇ ਸੁਧਾਰ ਅਤੇ ਨਸ਼ਿਆਂ ਦੀ ਰੋਕਥਾਮ ਲਈ ਰਾਜ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਲਈ ਇੱਕ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਅੰਮ੍ਰਿਤਸਰ, ਫ਼ਾਜ਼ਿਲਕਾ ਅਤੇ ਤਰਨ ਤਾਰਨ ਇਹ ਸਿਖਲਾਈ ਵਿੱਚ ਸਫ਼ਲਤਾਪੂਰਵਕ ਮੁਕੰਮਲ ਹੋਣ ਤੋਂ ਬਾਅਦ, ਹੁਣ ਇਹ ਪ੍ਰੋਗਰਾਮ **ਸਤੰਬਰ 2026** ਦੌਰਾਨ **ਜ਼ਿਲ੍ਹਾ ਗੁਰਦਾਸਪੁਰ** ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ।
2. ਇਸ ਪ੍ਰੋਗਰਾਮ ਤਹਿਤ ਤੁਹਾਡੇ ਜ਼ਿਲ੍ਹੇ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਲਗਭਗ **2280 ਅਧਿਆਪਕਾਂ** ਨੂੰ ਸਿਖਲਾਈ ਦਿੱਤੀ ਜਾਣੀ ਹੈ। ਇਹ ਟ੍ਰੇਨਿੰਗ ਕੁੱਲ 19 ਦਿਨਾਂ ਵਿੱਚ 57 ਬੈਚਾਂ (ਪ੍ਰਤੀ ਦਿਨ 3 ਪੈਰਲਲ ਬੈਚ, ਹਰੇਕ ਬੈਚਾਂ ਵਿੱਚ 40 ਅਧਿਆਪਕ) ਰਾਹੀਂ ਚਲਾਈ ਜਾਵੇਗੀ, ਜਿਸ ਦਾ ਸਡਿਊਲ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰ | ਹਫਤਾਵਾਰ | ਦਿਨਾਂ ਦੀ ਗਿਣਤੀ |
|---|---|---|
| 1. | 07.09.2026 - 11.09.2026 | 5 |
| 2. | 14.09.2026 - 18.09.2026 | 5 |
| 3. | 21.09.2026 - 26.09.2026 | 6 |
| 4. | 28.09.2026 - 30.09.2026 | 3 |

3. ਇਸ ਟ੍ਰੇਨਿੰਗ ਦੇ ਸੁਚਾਰੂ ਪ੍ਰਬੰਧ ਲਈ ਆਪ ਨੂੰ ਹੇਠ ਲਿਖੇ ਅਨੁਸਾਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ:

**3.1** ਜ਼ਿਲਾ ਸਿੱਖਿਆ ਅਫਸਰ(ਸੈ:ਸਿੱ:) ਗੁਰਦਾਸਪੁਰ ਇਸ ਟ੍ਰੇਨਿੰਗ ਪ੍ਰੋਗਰਾਮ ਦੇ ਓਵਰਆਲ ਇੰਚਾਰਜ ਹੋਣਗੇ।

**3.2** ਡੀ.ਐਨ.ਓ. ਗੁਰਦਾਸਪੁਰ ਇਸ ਪ੍ਰੋਗਰਾਮ ਦੇ ਸਮੁਚੇ ਸੰਚਾਲਨ ਲਈ ਕੋਆਰਡੀਨੇਟਰ ਵਜੋਂ ਭੂਮਿਕਾ ਨਿਭਾਉਣਗੇ।

**3.3 ਸਥਾਨਾਂ ਦੀ ਚੋਣ (Venues):** ਜ਼ਿਲ੍ਹੇ ਵਿੱਚ 3 ਅਜਿਹੇ ਢੁਕਵੇਂ ਸੈਂਟਰਾਂ/ਸਕੂਲਾਂ ਦੀ ਚੋਣ ਕੀਤੀ ਜਾਵੇ ਜਿੱਥੇ ਪ੍ਰੋਜੈਕਟਰ ਅਤੇ ਬੈਠਣ ਦੀ ਉਚਿਤ ਵਿਵਸਥਾ ਹੋਵੇ।

**3.4 ਭੋਜਨ ਅਤੇ ਰਿਫ੍ਰੈਸ਼ਮੈਂਟ:** ਟ੍ਰੇਨਿੰਗ ਦੌਰਾਨ ਅਧਿਆਪਕਾਂ ਅਤੇ ਰਿਸੋਰਸ ਪਰਸਨਾਂ ਦੇ ਦੁਪਹਿਰ ਦੇ ਖਾਣੇ (Lunch) ਅਤੇ ਚਾਹ-ਪਾਣੀ ਦੇ ਪ੍ਰਬੰਧ ਲਈ ਸਥਾਨਕ ਵੈਂਡਰਾਂ ਦੀ ਭਾਲ ਲਈ ਜ਼ਿਲਾ ਸਮਾਜਿਕ ਸੁਰੱਖਿਆ ਅਫਸਰ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਇਸ ਦਾ ਖਰਚਾ ਨਸ਼ਾ ਮੁਕਤੀ ਭਾਰਤ ਅਭਿਆਨ (NMBA) ਫੰਡਾਂ ਵਿੱਚੋਂ **DSSO** ਰਾਹੀਂ ਕੀਤਾ ਜਾਵੇਗਾ।

**3.5 ਰਿਹਾਇਸ਼ ਅਤੇ ਸਫ਼ਰ (Accommodation & Travel):** ਬਾਹਰੋਂ ਆਉਣ ਵਾਲੇ 6 ਰਿਸੋਰਸ ਪਰਸਨਾਂ ਦੇ ਰਹਿਣ ਅਤੇ ਆਉਣ-ਜਾਣ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ।

**3.6 ਨੋਡਲ ਅਧਿਆਪਕਾਂ ਦੀ ਨਾਮਜ਼ਦਗੀ:** ਸਮੂਹ ਸਬੰਧਤ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਕੂਲ ਪੱਧਰ 'ਤੇ ਗਤੀਵਿਧੀਆਂ ਦੀ ਨਿਗਰਾਨੀ ਲਈ ਆਪਣੇ ਸਕੂਲ ਵਿੱਚੋਂ ਇੱਕ ਨੋਡਲ ਅਧਿਆਪਕ ਜ਼ਰੂਰ ਨਾਮਜ਼ਦ ਕਰਨ।

4. ਇਸ ਪ੍ਰੋਗਰਾਮ ਦੇ ਸੁਚਾਰੂ ਸੰਚਾਲਨ ਅਤੇ AIMS ਮੋਹਾਲੀ ਨਾਲ ਤਾਲਮੇਲ ਬਣਾਉਣ ਲਈ ਤਾਇਨਾਤ ਜ਼ਿਲਾ ਨੋਡਲ ਅਫ਼ਸਰ ਮਿਸ ਅੰਸ਼ੂ ਸੁਜ਼ਨ ਓਮਨ , ਪ੍ਰੋਜੈਕਟ ਐਸੋਸੀਏਟ, DITSU AIIMS ਮੋਹਾਲੀ (8086632938), ਨਾਲ ਸਪੰਰਕ ਵਿੱਚ ਰਹਿਣਗੇ। ।

5. ਇਸ ਪ੍ਰੋਗਰਾਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ, ਟ੍ਰੇਨਿੰਗ ਦੇ ਸ਼ਡਿਊਲ ਅਤੇ ਚੁਣੇ ਗਏ ਸਥਾਨਾਂ (Venues) ਦੀ ਮੁਕੰਮਲ ਰਿਪੋਰਟ **26 ਅਗਸਤ, 2026** ਤੱਕ ਹਰ ਹਾਲਤ ਵਿੱਚ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ **ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼, ਮੋਹਾਲੀ** ਨਾਲ ਅਗਲੇਰੀ ਰੂਪ-ਰੇਖਾ ਸਾਂਝੀ ਕੀਤੀ ਜਾ ਸਕੇ।

6. ਇਸ ਸਬੰਧੀ ਸਾਰੇ ਬਿੱਲ ਜ਼ਿਲਾ ਸਮਾਜਿਕ ਸੁਰੱਖਿਆ ਅਫਸਰ( DSSO) ਦੇ ਨਾਂ ਤੇ ਹੋਣੇ ਚਾਹੀਦੇ ਹਨ ਤਾਂ ਜੋ ਭੁਗਤਾਨ ਵਿੱਚ ਕੋਈ ਸਮਸਿਆ ਨਾ ਹੋਵੇ। ਇਸ ਸਬੰਧੀ ਸਬੰਧਤ ਦਫਤਰਾਂ ਨਾਲ ਬਿਲਾਂ ਦੀ ਅਦਾਇਗੀ ਸਬੰਧੀ ਨਿੱਜੀ ਤੌਰ ਤੇ ਤਾਲਮੇਲ ਕਰ ਲਿਆ ਜਾਵੇ।

7. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

**ਕਿਰਨ ਸ਼ਰਮਾ ਪੀ.ਸੀ.ਐਸ**

**ਡਾਇਰੈਕਟਰ,**

**ਐੱਸ.ਸੀ.ਈ.ਆਰ.ਟੀ.,ਪੰਜਾਬ।**

**ਪਿੱਠ ਅੰਕਣ ਨੰਬਰ: ਉਕਤ** **ਮਿਤੀ: ਉਕਤ**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1.0 ਪੀ.ਏ. ਟੂ ਮਾਨਯੋਗ ਸਕੱਤਰ, ਸਕੂਲ ਸਿੱਖਿਆ ਪੰਜਾਬ।

2.0 ਪੀ.ਏ.ਟੂ ਵਿਸ਼ੇਸ਼ ਸਕੱਤਰ,ਸਮਾਜਿਕ ਸੁਰੱਖਿਆ,ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ।

3.0 ਪੀ.ਏ. ਟੂ ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ।

4.0 ਡਾਇਰੈਕਟਰ ਪ੍ਰਿੰਸੀਪਲ,ਏਮਜ਼ ਮੋਹਾਲੀ।

5.0 ਜ਼ਿਲਾ ਸਮਾਜਿਕ ਸੁਰੱਖਿਆ ਅਫਸਰ, ਗੁਰਦਾਸਪੁਰ।

6.0 ਜ਼ਿਲਾ ਨੋਡਲ ਅਫਸਰ, ਗੁਰਦਾਸਪੁਰ।

7.0 ਪ੍ਰੋਜੈਕਟ ਐਸੋਸੀਏਟ, DITSU AIIMS ਮੋਹਾਲੀ

**( ਡਾ.ਬਲਵਿੰਦਰ ਸਿੰਘ )**

**ਸਹਾਇਕ ਡਾਇਰੈਕਟਰ**

**ਐੱਸ.ਸੀ.ਈ.ਆਰ.ਟੀ., ਪੰਜਾਬ।**